# ਡਾਇਰੈਕਟਰ ਰਾਜ ਵਿੱਦਿਅਕ,ਖੋਜ ਅਤੇ ਸਿਖਲਾਈ ਪ੍ਰੀਸ਼ਦ , ਪੰਜਾਬ

ਛੇਵੀਂ ਮੰਜਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼- 8, ਐਸ.ਏ.ਐਸ. ਨਗਰ

ਫੋਨ ਨੰਬਰ2212221-0172 : Email-directorscert@punjabeducation.gov.in


ਵੈੱਬਸਾਈਟ ਰਾਹੀਂ

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)/(ਐ.ਸਿੱ) ਪੰਜਾਬ।

ਸਮੂਹ ਸਕੂਲ ਮੁੱਖੀ (ਮਿਡਲ, ਹਾਈ ਤੇ ਸੀ.ਸੈ ) ਪੰਜਾਬ।

**ਮੀਮੋ ਨੰ.** ਮਿਸ਼ਨ 100%: 2023/05

**ਮਿਤੀ:** ੨੦.੦੧.੨੦੨੩

**ਵਿਸ਼ਾ- ਪ੍ਰੀ-ਬੋਰਡ ਪ੍ਰੀਖਿਆਵਾਂ 2023 (8ਵੀਂ,10ਵੀਂ ਤੇ 12ਵੀਂ) ਜਮਾਤਾਂ ਦੇ ਪੇਪਰਾਂ ਦੇ ਅੰਕਾਂ ਨੂੰ ਈ ਪੰਜਾਬ ਪੋਰਟਲ ਤੇ ਦਿੱਤੇ ਲਿੰਕ ਰਾਹੀ ਦਰਜ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵਿਭਾਗ ਦੁਆਰਾ ਜਾਰੀ ਕੀਤੀ ਗਈ ਡੇਟ-ਸ਼ੀਟ ਅਨੁਸਾਰ ਪ੍ਰੀ-ਬੋਰਡ 2023 ਦੀ ਪ੍ਰੀਖਿਆ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਮਿਤੀ 20 ਜਨਵਰੀ 2023 ਤੋਂ 2 ਫਰਵਰੀ 2023 ਤੱਕ ਲਈ ਜਾ ਰਹੀ ਹੈ। ਮਿਸ਼ਨ 100% ਤਹਿਤ ਵਿਦਿਆਰਥੀਆਂ ਦੁਆਰਾ ਇਹਨਾਂ ਪ੍ਰੀ-ਬੋਰਡ ਪ੍ਰੀਖਿਆਵਾਂ ਵਿੱਚੋਂ ਪ੍ਰਾਪਤ ਕੀਤੇ ਜਾਣ ਵਾਲੇ ਅੰਕਾਂ ਦਾ ਮੁਲਾਂਕਣ ਕੀਤਾ ਜਾਣਾ ਹੈ। ਇਹ ਮੁਲਾਂਕਣ ਬੋਰਡ ਦੀਆਂ ਜਮਾਤਾਂ (ਅੱਠਵੀਂ, ਦਸਵੀਂ ਅਤੇ ਬਾਰਵੀਂ) ਲਈ ਕੀਤਾ ਜਾਣਾ ਹੈ।

3.0 ਵਿਦਿਆਰਥੀਆਂ ਦੁਆਰਾ ਇੰਨ੍ਹਾ ਪ੍ਰੀਖਿਆਵਾਂ ਵਿੱਚੋਂ ਪ੍ਰਾਪਤ ਕੀਤੇ ਗਏ ਅੰਕਾਂ ਨੂੰ ਵਿਭਾਗ ਦੇ ਈ-ਪੰਜਾਬ ਪੋਰਟਲ ਤੇ ਆਨਲਾਈਨ ਦਰਜ ਕਰਨ ਸਬੰਧੀ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ :-

3.1 ਇਸ ਮੁਲਾਂਕਣ ਲਈ ਪੇਪਰਾਂ ਦੇ ਅੰਕ ਈ ਪੰਜਾਬ ਪੋਰਟਲ ਤੇ ਦਿੱਤੇ ਲਿੰਕ ਰਾਹੀਂ ਵਿਸ਼ਾ ਅਧਿਆਪਕਾਂ ਦੁਆਰਾ ਆਨਲਾਈਨ ਦਰਜ ਕੀਤੇ ਜਾਣਗੇ।

3.2 ਇਹ ਅੰਕ ਪੇਪਰ ਹੋਣ ਤੋਂ ਬਾਅਦ ਦੋ ਦਿਨਾਂ ਦੇ ਅੰਦਰ- ਅੰਦਰ ਸਬੰਧਤ ਅਧਿਆਪਕਾਂ ਦੁਆਰਾ ਕੇਵਲ ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਦੀ ਹੋ ਰਹੀ ਪ੍ਰੀ-ਬੋਰਡ ਪ੍ਰੀਖਿਆ ਦੇ ਭਰੇ ਜਾਣਗੇ।

3.3 ਸਕੂਲ ਦੇ ਲਾਗਇਨ ਤੋਂ School/office Login ਵਿੱਚ ਲਾਗਇਨ ਕੀਤਾ ਜਾਵੇ।

3.4 Student menu ਵਿੱਚ other ਅਧੀਨ "Create Pre- Board User" ਦੀ ਮੱਦਦ ਨਾਲ ਵੱਖਰਾ ਲਾਗਇਨ ਬਣਾਇਆ ਜਾਵੇ।

3.5 ਲਾਗਇਨ ਬਣਾਉਣ ਉਪਰੰਤ ਈ-ਪੰਜਾਬ ਸਕੂਲ ਪੋਰਟਲ ਉੱਤੇ Login> Pre Board Login ਉੱਤੇ ਕਲਿੱਕ ਕਰਕੇ ਨਵੇਂ ਬਣੇ ਲਾਗਇਨ ਦੀ ਮਦਦ ਨਾਲ ਲਾਗਇਨ ਕੀਤਾ ਜਾਵੇ।

3.6 Pre- Board menu ਅਧੀਨ Marks entry ਲਿੰਕ ਉੱਤੇ ਕਲਿੱਕ ਕਰਨ ਉਪਰੰਤ ਜਮਾਤ ਦੀ ਚੋਣ ਕਰਕੇ ਵਿਦਿਆਰਥੀਆਂ ਦੇ ਨੰਬਰ ਦਰਜ ਕੀਤੇ ਜਾਣ।

3.7 ਗੈਰ-ਹਾਜਰ ਵਿਦਿਆਰਥੀਆ ਲਈ Absent ਤੇ ਕਲਿੱਕ ਕੀਤਾ ਜਾਵੇ।

3.8 ਪ੍ਰੀ-ਬੋਰਡ ਪ੍ਰੀਖਿਆਵਾਂ ਦੇ ਅੰਕ ਭਰਨ ਉਪਰੰਤ Approve ਕਰਨ ਤੋਂ ਪਹਿਲਾਂ ਅੰਕ ਗਲਤ ਭਰੇ ਜਾਣ ਦੀ ਸੂਰਤ ਵਿੱਚ ਇਸ ਨੂੰ ਅਪਡੇਟ ਕੀਤਾ ਜਾ ਸਕੇਗਾ। ਇੱਕ ਵਾਰ Final Submit ਜਾਂ Approve ਕਰਨ ਉਪਰੰਤ ਨਤੀਜੇ ਵਿੱਚ ਕੋਈ ਤਬਦੀਲੀ ਨਹੀਂ ਹੋ ਸਕੇਗੀ।

4.0 ਉਪਰੋਕਤ ਤੋਂ ਇਲਾਵਾ ਵਿਭਾਗ ਵੱਲੋਂ **ePunjab Pre-Board** ਨਾਂ ਦੀ ਮੋਬਾਇਲ ਐਪ ਵੀ ਤਿਆਰ ਕੀਤੀ ਗਈ ਹੈ, ਜਿਸ ਨੂੰ **App Store** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ **ePunjab Pre-Board** ਐਪ ਨੂੰ ਨਵੇਂ ਬਣੇ ਲਾਗਇਨ ਦੀ ਮਦਦ ਨਾਲ ਲਾਗਇਨ ਕਰਕੇ ਵਿਦਿਆਰਥੀਆਂ ਦੇ ਨੰਬਰ ਦਰਜ ਕੀਤੇ ਜਾ ਸਕਦੇ ਹਨ।

5.0 ਈ-ਪੰਜਾਬ ਸਕੂਲ ਪੋਰਟਲ ਤੇ ਅੰਕ ਦਰਜ ਕਰਨ ਸਬੰਧੀ ਕੋਈ ਸਮੱਸਿਆ ਆਉਣ ਤੇ ਬਲਾਕ ਐਮ.ਆਈ.ਐਸ ਕੋਆਰਡੀਨੇਟਰ ਜਾਂ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾਵੇ।

6.0 ਪ੍ਰੀ-ਬੋਰਡ ਪ੍ਰੀਖਿਆਵਾਂ ਖਤਮ ਹੋਣ ਉਪਰੰਤ ਸਮੂਹ ਸਕੂਲ ਮੁਖੀ ਜਲਦੀ ਤੋਂ ਜਲਦੀ ਆਪਣੇ ਸਕੂਲ ਦੇ ਨਤੀਜੇ ਨੂੰ ਈ-ਪੰਜਾਬ ਪੋਰਟਲ ਤੇ ਦਰਜ ਕਰਵਾਉਣਾ ਯਕੀਨੀ ਬਣਾਉਣਗੇ।

ਵਰਿੰਦਰ ਕੁਮਾਰ ਸ਼ਰਮਾ, ਆਈ.ਏ.ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ

ਮੀਮੋ ਨੰ:- ..../23 ਮਿਤੀ ..../23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਐਮ, ਐਮ.ਆਈ.ਐਸ
2. ਸਮੂਹ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ
3. ਸਮੂਹ ਬਲਾਕ ਐਮ.ਆਈ.ਐਸ ਕੋਆਰਡੀਨੇਟਰ
4. ਸਮੂਹ ਡੀ.ਐਮ.ਆਈ.ਸੀ.ਟੀ
5. ਸਮੂਹ ਬੀ.ਐਮ.ਆਈ.ਸੀ.ਟੀ

20/1/23
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ